ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਮਾਨਸਾ
OFFICE OF THE
DISTRICT ELECTION OFFICER. MANSA
(Room No. 43-45, 2nd Floor Mini Secretariat)
Phone/Fax No. 01652-227687 E-mail :-etman@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਵੱਲ

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
96-ਮਾਨਸਾ, 97-ਸਰਦੂਲਗੜ੍ਹ ਅਤੇ 98-ਬੁਢਲਾਡਾ।

ਪੱਤਰ ਨੰ: ਚੋਣ-2021/
ਮਿਤੀ 02.03.2021.

ਵਿਸ਼ਾ:- **Pendency in downloading of e-EPIC by the electors concerned-reg.**

ਉਪਰੋਕਤ ਵਿਸ਼ੇ ਸਬੰਧੀ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ: CEO/2021-PI/1098 ਮਿਤੀ 01.03.2021 (ਕਾਪੀ ਨੱਥੀ) ਰਾਹੀਂ ਹਦਾਇਤ ਕੀਤੀ ਗਈ ਹੈ ਕਿ ਵੋਟਰ ਸੂਚੀਆਂ ਦੀ ਸੁਧਾਈ-2021 ਦੌਰਾਨ ਜਿਹੜੇ ਨਵੇਂ ਵੋਟਰ ਬਣੇ ਹਨ, ਉਹਨਾਂ ਨੂੰ 100% **e-EPIC** ਡਾਊਨਲੋਡ ਕਰਵਾਏ ਜਾਣ । ਇਸ ਮੰਤਵ ਨੂੰ ਪੂਰਾ ਕਰਨ ਲਈ **ਮਿਤੀ 06 ਅਤੇ 07 ਮਾਰਚ 2021** (ਸਨਿੱਚਰਵਾਰ ਅਤੇ ਐਤਵਾਰ) ਨੂੰ ਪੋਲਿੰਗ ਸਟੇਸ਼ਨਾਂ ਤੇ ਕੈਂਪ ਲਗਾਉਣ ਲਈ ਕਿਹਾ ਗਿਆ ਹੈ । ਇਸ ਲਈ ਆਪਦੇ ਹਲਕੇ ਵਿੱਚ ਪੈਂਦੇ ਸਾਰੇ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫਸਰਾਂ ਰਾਹੀਂ ਮਿਤੀ 06 ਅਤੇ 07 ਮਾਰਚ 2021 ਨੂੰ ਕੈਂਪ ਲਗਵਾ ਕੇ ਨਵੇਂ ਬਣੇ ਵੋਟਰਾਂ ਦੇ **e-EPIC** ਡਾਊਨਲੋਡ ਕਰਵਾਏ ਜਾਣ । ਕੈਂਪ ਲਗਵਾਉਣ ਲਈ ਨਿਮਨ ਦਰਜ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ :-

1. ਕੈਂਪ ਵਾਲੇ ਦਿਨ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫਸਰਾਂ ਦੀ ਹਾਜਰੀ ਯਕੀਨੀ ਬਣਾਈ ਜਾਵੇ।

2. ਬੂਥ ਲੈਵਲ ਅਫਸਰਾਂ ਨੂੰ ਅਨੁਪੂਰਕ-2021 ਵਿੱਚ ਨਵੇਂ ਬਣੇ ਸਾਰੇ ਵੋਟਰਾਂ ਦੇ **e-EPIC** ਡਾਊਨਲੋਡ ਕਰਵਾਉਣ ਲਈ ਹਦਾਇਤ ਕਰ ਦਿੱਤੀ ਜਾਵੇ । ਇਸ ਮੁਹਿੰਮ ਵਿੱਚ ਸਿਰਫ ਨਵੇਂ ਬਣੇ ਵੋਟਰਾਂ ਦੇ ਸ਼ਨਾਖਤੀ ਕਾਰਡ ਹੀ ਡਾਊਨਲੋਡ ਹੋਣਗੇ ।

3. **e-EPIC** ਕਿਵੇਂ ਡਾਊਨਲੋਡ ਹੋਣਗੇ, ਉਸ ਸਬੰਧੀ ਪੀ.ਪੀ.ਟੀ. ਨਾਲ ਨੱਥੀ ਹੈ ।

4. ਕੈਂਪਾਂ ਦੀਆਂ ਮਿਤੀਆਂ ਬਾਰੇ ਮੁਸ਼ਤਰੀ ਮੁਨਾਦੀ ਕਰਵਾਈ ਜਾਵੇ । ਗੁਰਦੁਆਰਾ/ਮੰਦਰ ਦੇ ਲਾਊਡ ਸਪੀਕਰਾਂ ਰਾਹੀਂ ਸੂਚਨਾ ਦਿੱਤੀ ਜਾਵੇ ਅਤੇ ਉੱਘੀਆਂ ਅਖਬਾਰਾਂ ਵਿੱਚ ਵਿੱਚ ਪ੍ਰੈਸ ਨੋਟ ਲਗਵਾਏ ਜਾਣ।

5. ਕੈਂਪ ਸਮੇਂ ਯੋਗ ਵੋਟਰਾਂ ਦੀ ਵੋਟ ਬਣਵਾਉਣ ਲਈ ਜਾਂ ਪਹਿਲਾਂ ਦਰਜ ਵੋਟ ਵਿੱਚ ਦਰੁਸਤੀ ਲਈ ਫਾਰਮ ਵੀ ਪ੍ਰਾਪਤ ਕੀਤੇ ਜਾਣ ।

ਸਹੀ/-
ਜਿਲ੍ਹਾ ਚੋਣ ਅਫਸਰ-ਕਮ-
ਡਿਪਟੀ ਕਮਿਸ਼ਨਰ, ਮਾਨਸਾ

ਪਿੱਠ ਅੰਕਣ ਨੰ: ਚੋਣ-2021/286-88 ਮਿਤੀ 02.03.2021

ਇਸਦਾ ਇੱਕ ਉਤਾਰਾ:-

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਮਾਨਸਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) ਮਾਨਸਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹੜੇ ਸਕੂਲਾਂ ਵਿੱਚ ਪੋਲਿੰਗ ਬੂਥ ਬਣੇ ਹੋਏ ਹਨ, ਉਹਨਾਂ ਨੂੰ 6 ਅਤੇ 7 ਮਾਰਚ 2021 ਨੂੰ ਖੁੱਲ੍ਹਾ ਰੱਖਣ ਲਈ ਸਕੂਲ ਮੁੱਖੀਆਂ ਨੂੰ ਹਦਾਇਤ ਕਰ ਦਿੱਤੀ ਜਾਵੇ ।

2. ਜ਼ਿਲ੍ਹਾ ਲੋਕ ਸੰਪਰਕ ਅਫਸਰ, ਮਾਨਸਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਕੈਂਪ ਲਗਾਉਣ ਸਬੰਧੀ ਪ੍ਰੈਸ ਨੋਟ ਮਿਤੀ 05.03.2021 ਦੇ ਅਖਬਾਰਾਂ ਵਿੱਚ ਲਗਵਾ ਦਿੱਤਾ ਜਾਵੇ ।

ਵਾ: ਜ਼ਿਲ੍ਹਾ ਚੋਣ ਅਫਸਰ
ਮਾਨਸਾ

# ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪਿੱਠ ਅੰਕਣ ਨੰ:ਜੀ-2/ਚੋਣਾਂ/ 202176850 ਮਿਤੀ ਮਾਨਸਾ: 2/3/2021

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਅਤੇ ਸਮੂਹ ਬੀ.ਐਲ.ਓਜ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਇੰਨ-ਬਿਨ ਯਕੀਨੀ ਬਣਾਈ ਜਾਵੇ। ਇਸ ਕੰਮ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

02/03/21

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।